# ਔਰਤ ਸ਼ਕਤੀ ਦੀ ਹੂਕ

ਅੱਜ ਦੇ ਬਦਲਦੇ ਯੁੱਗ ਵਿਚ ਔਰਤ ਸ਼ਕਤੀ ਦਾ ਮੁੱਦਾ ਸਮਾਜਿਕ ਚੇਤਨਾ ਦਾ ਇਕ ਜ਼ਰੂਰੀ ਅੰਸ਼ ਹੋ ਕੇ ਉੱਭਰ ਰਿਹਾ ਹੈ। ਇਕ ਸਿਹਤਮੰਦ ਸਮਾਜ ਲਈ ਔਰਤ ਦੀ ਸਮਾਜਿਕ ਬਰਾਬਰੀ ਇਕ ਵੱਡੀ ਤੇ ਜ਼ਰੂਰੀ ਲੋੜ ਦੇ ਤੌਰ 'ਤੇ ਸਥਾਪਤ ਹੋ ਚੁੱਕੀ ਹੈ।

ਪੰਜਾਬੀ ਸਾਹਿਤ ਵਿਚ ਇਸਦਾ ਬੜਾ ਸ਼ਕਤੀਸ਼ਾਲੀ ਪ੍ਰਗਟਾਵਾ ਹੋ ਰਿਹਾ ਹੈ। ਅੱਜ ਦੀ ਵਿਚਾਰ-ਚਰਚਾ ਵਿਚ ਪੰਜਾਬੀ ਕਵਿਤਾ ਵਿਚੋਂ ਕੁੱਝ ਮਿਸਾਲਾਂ ਲੈ ਕੇ ਔਰਤ ਦੀ ਤ੍ਰਾਸਦੀ ਅਤੇ ਸ਼ਕਤੀ ਦੀ ਚਰਚਾ ਕੀਤੀ ਜਾ ਰਹੀ ਹੈ। ਇਹ ਕਵਿਤਾਵਾਂ ਸਾਰੀਆਂ ਸਾਡੀਆਂ ਔਰਤ ਸ਼ਾਇਰਾਵਾਂ ਦੀ ਦੇਣ ਹਨ।

## ਕੁੜੀਆਂ

### *ਸਿਮਰਤ ਗਗਨ*

ਚਿੜੀਆਂ ਆਪ ਕਦੇ ਨਹੀਂ ਮਰਦੀਆਂ
ਮਾਰੀਆਂ ਜਾਂਦੀਆਂ ਨੇ
ਕੁੜੀਆਂ ਆਪ ਕਦੇ ਨਹੀਂ ਸੜਦੀਆਂ
ਸਾੜੀਆਂ ਜਾਂਦੀਆਂ ਨੇ
ਤੀਲਾ-ਤੀਲਾ ਕਰਕੇ ਆਲ੍ਹਣਾ
ਬਣਾ ਤਾਂ ਲੈਂਦੀਆਂ ਨੇ
ਪਰ ਤੂਫ਼ਾਨ ਦੀ ਨੀਅਤ ਦਾ ਕੀ ਭਰੋਸਾ
ਕਦੋਂ ਆ ਜਾਵੇ....

ਕੁੜੀਆਂ ਬਹਾਦੁਰ ਨੇ
ਪਰ ਡਰਾਈਆਂ ਜਾਂਦੀਆਂ ਨੇ
ਕੁੜੀਆਂ ਖੁਸ਼ਦਿਲ ਨੇ
ਪਰ ਰੁਆਈਆਂ ਜਾਂਦੀਆਂ ਨੇ
ਤ੍ਰਿਞਣਾਂ 'ਚ ਖਿੜ-ਖਿੜ
ਹੱਸ ਤਾਂ ਲੈਂਦੀਆਂ ਨੇ, ਨੱਚ ਤਾਂ ਲੈਂਦੀਆਂ ਨੇ
ਪਰ ਸਾਰੀ ਹਯਾਤੀ ਹਾਸਿਆਂ ਦਾ
ਕਰਜ਼ਾ ਨਹੀਂ ਲਹਿੰਦਾ....

ਕੁੜੀਆਂ ਕੱਚ ਹੁੰਦੀਆਂ ਨੇ
ਘੂਰੀ ਨਾਲ ਟੁੱਟ ਜਾਣ
ਕੁੜੀਆਂ ਸੱਚ ਹੁੰਦੀਆਂ ਨੇ
ਮੁਸਕੁਰਾਹਟ ਨਾਲ ਜੁੜ ਜਾਣ

ਕੁੜੀਆਂ, ਬਹੁਤ ਵਫ਼ਾਦਾਰ ਹੁੰਦੀਆਂ ਨੇ
ਇਹ ਕਦੇ ਛੱਡ ਕੇ ਨਹੀਂ ਜਾਂਦੀਆਂ
ਤੋਰ ਦਿੱਤੀਆਂ ਜਾਂਦੀਆਂ ਨੇ
ਭੋਰ ਦਿੱਤੀਆਂ ਜਾਂਦੀਆਂ ਨੇ
ਟਾਹਣੀ ਨਾਲੋਂ ਟੁੱਟੇ ਸੁੱਕੇ ਫੁੱਲ ਵਾਂਗ
ਜੋ ਮਹਿਕ ਵੰਡਦਾ-ਵੰਡਦਾ
ਆਪ ਮਹਿਕੋਂ ਸਖਣਾ ਹੋ ਜਾਂਦੈ....
ਕੁੜੀਆਂ, ਬਹੁਤ ਚੰਗੀਆਂ ਹੁੰਦੀਆਂ ਨੇ...

(ਸਮਦਰਸ਼ੀ 56 ਵਿਚੋਂ)

ਵਿਚਾਰ-ਚਰਚਾ



ਗੁਰਸ਼ਰਨ ਸਿੰਘ

## ਦੂਸਰੇ ਦਾ ਦਰਦ

### *ਜਸਬੀਰ ਕਿਰਨ ਪਟਿਆਲਾ*

ਪੌਣਾਂ ਨੇ ਪੌਣਾਂ ਨੂੰ ਕਿਹਾ
ਠਹਿਰੋ! ਆਹ ਦੁਰਗੰਧ ਕਾਹਦੀ

ਦੁਰਗੰਧ? ਪੌਣਾਂ ਨੇ ਪੁੱਛਿਆ
ਹਾਂ ਲਗਦੈ ਕਿਸੇ ਲਾਸ਼ ਦੀ ਸੜਾਂਦ
ਦੇਖੋ! ਦੇਖੋ, ਮੁਟਿਆਰ ਦੀ ਲਾਸ਼, ਅਲਫ਼ ਨੰਗੀ
ਹੈ?....ਇਹ ਵਲੂੰਧਰੀ ਕਿਸਨੇ?
ਪੌਣਾਂ ਨੇ ਪੁੱਛਿਆ
ਕਿਸੇ ਹਵਸੀ ਨੇ
ਸ਼ਰਮ ਨਾਲ ਪੌਣਾਂ ਦੇ ਸਿਰ ਝੁਕ ਗਏ
ਅੜੀਏ! ਕੁਝ ਕਰੀਏ, ਕੁਝ ਕਰੀਏ?
ਮਨੁੱਖ ਨੇ ਤਾਂ ਮਨੁੱਖ ਨੂੰ ਕਿਹੈ
ਚਲੋ: ਚਲੋ, ਭੱਜ ਚਲੋ, ਆਪੇ ਪੁਲਿਸ ਜਾਣੇ
ਪਰ ਸਾਥੋਂ ਤਾਂ ਦੇਖ ਨੀ ਹੁੰਦਾ, ਚਲੋ ਫੇਰ
ਪੌਣਾਂ ਜ਼ੋਰ ਦੀਆਂ ਚੱਲੀਆਂ
ਕੱਖ, ਕਾਣ, ਕਾਗਜ਼ ਪੱਤਰ ਉਡੇ
ਲਾਸ਼ ਦਾ ਨੰਗੇਜ ਢੱਕਿਆ ਗਿਆ
ਪੌਣਾਂ-ਪੌਣਾਂ ਦੇ ਗਲ ਲੱਗ ਰੋਈਆਂ
ਤੇ ਮਨੁੱਖ? .... ਤੇ ਮਨੁੱਖ ਹਸਦਾ ਰਿਹਾ

## ਪੁਲ

ਪਾਣੀ ਦੀਆਂ ਲਹਿਰਾਂ ਨੇ
ਖ਼ੁਸ਼ੀ ਵਿਚ, ਜਦ ਵੀ ਸਿਰ ਚੁੱਕਿਐ
ਤਾਂ ਪੁਲ ਨੇ, ਇਹ ਆਖ ਕੇ
ਉਹਨਾਂ ਨੂੰ ਨਿਸਲ ਕੀਤੈ
ਕਿ ਪਾਣੀ ਤਾ ਪੁਲਾਂ ਹੇਠੋਂ ਲੰਘਦੈ
ਇਹ ਸੁਣਕੇ
ਹਰ ਵਾਰ ਪਾਣੀ ਆਉਂਦਾ ਤੇ ਚੁੱਪ-ਚਾਪ
ਵਲਵਲੇ, ਸੰਵੇਗ ਤੇ ਪ੍ਰਵਿਰਤੀਆਂ ਦੱਬੀ
ਪੁਲ ਹੇਠੋਂ ਲੰਘਦਾ
ਪੁਲ ਆਪਣੀ ਥਾਂ ਅਟੱਲ ਮੁਸਕਰਾਉਂਦਾ
ਫੇਰ ਇਕ ਦਿਨ ਪਾਣੀ ਨੇ ਇਰੱਦਾ ਬਦਲਿਆ
ਦੂਰੋਂ ਪੁਲ ਨੂੰ ਦੇਖਿਆ
ਉਸਨੂੰ ਪੁਲ ਦੀ ਹਸਤੀ ਇਕ ਬੰਧਸ਼, ਇਕ ਬੰਨ੍ਹਾ
ਇਕ ਪਥਰੀਲੀ ਸਿਲ੍ਹ ਲੱਗੀ
ਪਾਣੀ ਦੂਰੋਂ ਖੌਲਦਾ ਹੱਦਾਂ ਬੰਨ੍ਹੇ ਤੋੜਦਾ ਆਇਆ
ਤੇ ਪੁਲ ਉਪਰੋਂ ਵਗ ਤੁਰਿਆ
ਇਹ ਕਹਿੰਦਾ ਹੋਇਆ ਕਿ ਕਦੇ-ਕਦੇ
ਪਾਣੀ ਪੁਲਾਂ ਦੇ ਉੱਪਰੋਂ ਵੀ ਲੰਘਦੈ, ਯਾਦ ਰੱਖੀਂ
ਪੁਲ ਦੇਖਦਾ ਰਿਹਾ ਪਾਣੀ ਪੁਲ ਨੂੰ
ਤੇ ਉਸਦੇ ਘੁਮੰਡ ਨੂੰ ਨਾਲ ਰੋੜ ਕੇ ਲੈ ਤੁਰਿਆ

('ਅਹਿਸਾਸ ਦੇ ਰੰਗ' ਵਿਚੋਂ)

ਸੁਰਜੀਤ ਕਲਸੀ, ਵੈਨਕੂਵਰ (ਕਨੇਡਾ) ਵਸਦੀ, ਕਵਿੱਤਰੀ ਹੈ। ਉਹਦਾ ਕਾਵਿ-ਸੰਗ੍ਰਹਿ 'ਔਰਤ ਸ਼ਬਦ ਤੇ ਸ਼ਕਤੀ' ਹੁਣੇ-ਹੁਣੇ ਪ੍ਰਕਾਸ਼ਤ ਹੋਇਆ ਹੈ। ਉਹਦੀ ਹਰ ਕਵਿਤਾ ਔਰਤ ਸ਼ਕਤੀ ਨੂੰ ਸਮਰਪਿਤ ਹੈ। ਮਿਸਾਲ 'ਆਓ ਸਿਰਾਂ ਤੇ ਸੂਰਜ ਓੜ ਲਈਏ'। ਇਹ ਕਵਿਤਾ ਨਾਰੀ ਦਿਵਸ 'ਤੇ ਲਿਖੀ ਗਈ ਹੈ।

ਆਓ ਸਿਰਾਂ ਤੇ ਸੂਰਜ ਓੜ ਲਈਏ
ਆਓ ਨਾਰੀ ਦਿਵਸ ਦਾ
ਜਸ਼ਨ ਮਨਾਈਏ
ਅੱਜ ਦਾ ਦਿਹਾੜਾ ਸ਼ੁਭ

ਔਰਤਾਂ ਦੀ ਨਿਸ਼ਕਾਮ ਮੁਸ਼ੱਕਤ
ਤੇ ਬਰਕਤ ਦੇ ਨਾਂ
ਅੱਜ ਦਾ ਦਿਹਾੜਾ ਸ਼ੁਭ
ਔਰਤਾਂ ਦੀ ਮਿਹਨਤ ਤੇ ਸਬਰ ਦੇ ਨਾਂ
ਅੱਜ ਦਾ ਦਿਹਾੜਾ ਸ਼ੁਭ
ਔਰਤਾਂ ਦੇ ਛੋਹਲੇ-ਛੋਹਲੇ ਹੱਥਾਂ ਦੇ ਨਾਂ
ਅੱਜ ਦਾ ਦਿਹਾੜਾ ਸ਼ੁਭ
ਔਰਤਾਂ ਦੀ ਇਕ ਮੁੱਠ ਸ਼ਕਤੀ ਦੇ ਨਾਂ
ਆਓ ਬੰਦ ਘਰਾਂ ਦੀ
ਚਾਰ ਦਿਵਾਰੀ ਤੋਂ ਬਾਹਰ ਆਈਏ
ਆਓ ਚੁੱਪ ਤੋੜਕੇ ਬੁਲੰਦ
ਇਕ ਆਵਾਜ਼ ਬਣ ਜਾਈਏ
ਆਓ ਜ਼ੁਲਮ ਜਬਰ ਵਿਰੁੱਧ ਡਟੋ
ਹੱਕ ਲਈ ਜੂਝ ਜਾਈਏ
ਆਓ ਬਰਾਬਰੀ, ਮਾਣ
ਤੇ ਇੱਜ਼ਤ ਲਈ ਸੰਘਰਸ਼ ਕਰੀਏ
ਆਓ ਭੈਣੋ ਆਪਣੇ ਜਿਗਰ ਦਾ
ਸਾਰਾ ਦਰਦ ਸ਼ਕਤੀ ਬਣਾ ਲਈਏ
ਆਓ ਕਦਮ ਨਾਲ ਕਦਮ
ਮਿਲਾ ਕੇ ਖ਼ੁਸ਼ਹਾਲੀ ਲੈ ਆਈਏ
ਆਓ ਦਿਲਾਂ ਦੀ ਹੂਕ ਵਿਚ
ਜ਼ਿੰਦਗੀ ਦਾ ਗੀਤ ਗਾਈਏ
ਆਓ ਹੱਥਾਂ ਵਿਚ ਹੱਥ ਫੜ
ਪੱਕੀ ਇਕ ਦੀਵਾਰ ਬਣ ਜਾਈਏ
ਆਓ ਸਮਾਨਤਾ ਦੇ ਹੱਕਾਂ ਲਈ
ਬੁਲੰਦ ਇਕ ਆਵਾਜ਼ ਬਣ ਜਾਈਏ
ਆਓ ਸਾਰੀਆਂ ਮਿਲਕੇ
ਬੇਇਨਸਾਫ਼ੀ ਵਿਰੁੱਧ ਡਟ ਜਾਈਏ
ਆਓ ਸਿਰਾਂ 'ਤੇ ਸੂਰਜ ਓੜਕੇ
ਹੱਕ-ਸੱਚ ਦਾ ਚਾਨਣ ਬਣ ਜਾਈਏ
....

ਔਰਤ ਸ਼ਕਤੀ ਦੀ ਇਹ ਹੂਕ ਸਾਡੇ ਜਾਣੇ ਜਾਂਦੇ ਸੰਵੇਦਨਹੀਣ ਸਮਾਜ ਅਤੇ ਸੱਭਿਆਚਾਰ ਵਿਚ ਸੰਵੇਦਨਾ ਦੀ ਹੂਕ ਹੈ। ਇਸ ਹੂਕ ਦਾ ਸੁਣਨਾ ਜ਼ਰੂਰੀ ਹੈ। ਚੰਗੇ ਸਮਾਜ ਲਈ ਇਹਦੀ ਲੋੜ ਹੈ।